## ਭਗਤ ਕਬੀਰ – ਸਬਦ ੯

### ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥

### ਰਾਗੁ ਗਉੜੀ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੩੨੪

ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥
ਜਿਉ ਭਏ ਦਾਦੁਰ ਪਾਨੀ ਮਾਹੀ ॥੧॥
ਜਉ ਪੈ ਰਾਮ ਰਾਮ ਰਤਿ ਨਾਹੀ ॥
ਤੇ ਸਭਿ ਧਰਮ ਰਾਇ ਕੈ ਜਾਹੀ ॥੧॥ ਰਹਾਉ ॥
ਕਾਇਆ ਰਤਿ ਬਹੁ ਰੂਪ ਰਚਾਹੀ ॥
ਤਿਨ ਕਉ ਦਇਆ ਸੁਪਨੈ ਭੀ ਨਾਹੀ ॥੨॥
ਚਾਰਿ ਚਰਨ ਕਹਹਿ ਬਹੁ ਆਗਰ ॥
ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥
ਕਹੁ ਕਬੀਰ ਬਹੁ ਕਾਇ ਕਰੀਜੈ ॥
ਸਰਬਸੁ ਛੋਡਿ ਮਹਾ ਰਸੁ ਪੀਜੈ ॥੪॥੫॥

ਸਾਰ: ਚੇਤਨਾ ਅਤੇ ਵਿਸ਼ਵ-ਵਿਆਪਕ ਸਿਧਾਂਤ ਆਪਸ ਵਿੱਚ ਜੁੜੇ ਹੋਏ ਸੰਕਲਪ ਹਨ। ਚੇਤਨਾ ਉਹ ਜਾਗਰੂਕਤਾ ਅਤੇ ਅਕਾਂਖਿਆ ਹੈ ਜੋ ਸੰਸਾਰ ਬਾਰੇ ਸਾਡੀ ਧਾਰਨਾ ਨੂੰ ਆਕਾਰ ਦਿੰਦੀ ਹੈ, ਜਦੋਂ ਕਿ ਵਿਸ਼ਵ-ਵਿਆਪੀ ਸਿਧਾਂਤ ਸਦੀਵੀ ਸੱਚਾਈ ਹਨ ਜੋ ਹੋਂਦ ਨੂੰ ਨਿਯੰਤਰਿਤ ਕਰਦੇ ਹਨ। ਇਨ੍ਹਾਂ ਸਿਧਾਂਤਾਂ ਨੂੰ ਸਮਝਣਾ ਅਤੇ ਸਵੀਕਾਰ ਕਰਨਾ ਇਸ ਲਈ ਜ਼ਰੂਰੀ ਹੈ ਤਾਂ ਜੋ ਸਾਨੂੰ ਸਮਝ ਆ ਸਕੇ ਕਿ ਬ੍ਰਹਿਮੰਡ ਸਾਡੇ ਜੀਵਨ ਨੂੰ ਕਿਵੇਂ ਨਿਰਦੇਸ਼ਿਤ ਕਰਦਾ ਹੈ।

ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥
ਹਰ ਸਵੇਰ ਅਤੇ ਸ਼ਾਮ ਨੂੰ ਇਸ਼ਨਾਨ ਕਰਨ ਦੀ ਰਸਮ,

ਜਿਉ ਭਏ ਦਾਦੁਰ ਪਾਨੀ ਮਾਹੀ ॥੧॥

ਪਾਣੀ ਵਿਚ ਰਹਿਣ ਵਾਲੇ ਡੱਡੂ ਦੀ ਤਰ੍ਹਾਂ ਹੈ। ਜੋ ਸਾਡੀਆਂ ਹੱਦ-ਬੰਦੀਆਂ ਤੋਂ ਬਾਹਰੀ ਵਿਚਾਰਾਂ ਨੂੰ ਨਾ ਜਾਣਨ ਦੇ ਰੁਝਾਨ ਨੂੰ ਉਜਾਗਰ ਕਰਦਾ ਹੈ। (੧)

ਜਉ ਪੈ ਰਾਮ ਰਾਮ ਰਤਿ ਨਾਹੀ ॥

ਜਦੋਂ ਚੇਤਨਾ ਦੀ ਏਕਤਾ ਬਾਰੇ ਪ੍ਰਸ਼ੰਸਾ ਦੀ ਘਾਟ ਹੁੰਦੀ ਹੈ ਜੋ ਹਰ ਵਸਤ ਵਿਚ ਸਮਾ ਜਾਂਦੀ ਹੈ,

ਤੇ ਸਭਿ ਧਰਮ ਰਾਇ ਕੈ ਜਾਹੀ ॥੧॥ ਰਹਾਉ ॥

ਤਾਂ ਫਿਰ ਚੇਤਨਾ ਦੀ ਪੜਚੋਲ ਕਰਨੀ ਚਾਹੀਦੀ ਹੈ, ਜੋ ਸਰਵ ਵਿਆਪਕ ਸਿਧਾਂਤਾਂ ਦੀ ਅੰਤਮ ਨਿਰਣੇਕਾਰ ਹੈ। (੧)(ਠਹਿਰਾਉ)

ਕਾਇਆ ਰਤਿ ਬਹੁ ਰੂਪ ਰਚਾਹੀ ॥

ਜਿਹੜੇ ਭੌਤਿਕ ਰੂਪ ਨਾਲ ਜੁੜੇ ਹਨ ਜੋ ਬਹੁਤ ਸਾਰੀਆਂ ਦਿੱਖਾਂ ਨੂੰ ਪ੍ਰਦਰਸ਼ਿਤ ਕਰਦਾ ਹੈ, ਜੋ ਧੋਖੇਬਾਜ਼ੀ ਦਾ ਪ੍ਰਤੀਕ ਹੈ।

ਤਿਨ ਕਉ ਦਇਆ ਸੁਪਨੈ ਭੀ ਨਾਹੀ ॥੨॥

ਉਹ ਸੁਫ਼ਨਿਆਂ ਵਿੱਚ ਵੀ ਦਇਆ ਦੀ ਭਾਵਨਾ ਨਹੀਂ ਮਹਿਸੂਸ ਕਰਦੇ। (੨)

ਚਾਰਿ ਚਰਨ ਕਹਹਿ ਬਹੁ ਆਗਰ ॥

ਜਿਨ੍ਹਾਂ ਨੇ ਧਾਰਮਿਕ ਗ੍ਰੰਥ ਪੜ੍ਹੇ ਹੋਏ ਹਨ, ਉਹ ਗਿਆਨਵਾਨ ਹੋਣ ਦਾ ਦਾਅਵਾ ਕਰਦੇ ਹਨ।

ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥

ਉਹ ਜਿਹੜੇ ਜਾਗਰੂਕ ਹਨ ਉਹ ਇਕ ਅਜਿਹੇ ਸੰਸਾਰ ਵਿਚ ਹੀ ਸ਼ਾਂਤੀ ਪ੍ਰਾਪਤ ਕਰ ਲੈਂਦੇ ਹਨ ਜੋ ਦੁਖਾਂ ਨਾਲ ਭਰਿਆ ਹੋਇਆ ਮਹਿਸੂਸ ਹੁੰਦਾ ਹੈ। (੩)

ਕਹੁ ਕਬੀਰ ਬਹੁ ਕਾਇ ਕਰੀਜੈ ॥

ਕਬੀਰ ਪੁਛਦੇ ਹਨ ਕਿ ਤੁਸੀਂ ਇੰਨ੍ਹੇ ਕਰਮ-ਕਾਂਡ ਕਿਉਂ ਕਰਦੇ ਹੋ?

ਸਰਬਸੁ ਛੋਡਿ ਮਹਾ ਰਸੁ ਪੀਜੈ ॥੪॥੫॥

ਹਰ ਵਸਤ ਨਾਲ  ਮੋਹ ਦਾ ਤਿਆਗ ਕਰੋ ਅਤੇ ਏਕਤਾ ਦੇ ਅੰਤਮ ਤੱਤ ਨੂੰ ਗਲੇ ਲਗਾਓ। (੪)(੫)

ਤੱਤ:  ਭਗਤ ਕਬੀਰ ਉਨ੍ਹਾਂ ਨੂੰ ਗਿਆਨਵਾਨ ਸਦਦੇ ਹਨ ਜੋ ਜੀਵਨ ਨੂੰ ਨਾ ਤਾਂ ਦੁੱਖ ਅਤੇ ਨਾ ਹੀ ਆਨੰਦ ਦੇ ਰੂਪ ਵਿੱਚ ਦੇਖਦੇ ਹਨ। ਲਗਾਵ ਅਤੇ ਧਾਰਨਾਵਾਂ ਸਾਡੇ ਜੀਵਨ ਅਨੁਭਵ ਕਰਨ ਦੇ ਨਜ਼ਰੀਏ ਨੂੰ ਘੜਦੀਆਂ ਹਨ। ਧਿਆਨ ਵਿਚ ਮੁਹਾਰਤ ਹਾਸਲ ਕਰਨ ਅਤੇ ਜਾਣ ਦੇਣ ਦੀ ਪ੍ਰਵਿਰਤੀ ਨੂੰ ਧਾਰਨ ਕਰ, ਸੰਸਾਰ ਨੂੰ ਅਨੰਦ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ,  ਜਿਸ ਨਾਲ ਚੁਣੌਤੀਆਂ ਵਿਚ ਵੀ ਜੀਵਨ ਦੇ ਡੂੰਘੇ ਅਰਥ, ਵਿਗਾਸ, ਅਤੇ ਸ਼ਾਂਤੀ  ਦੀ ਭਾਲ ਹੋ ਸਕਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ**:** **OnenessInDiversity.com**

ਈਮੇਲ**: onenessindiversityfoundation@gmail.com**